2026 35810
27/02/2026

# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਐਸ.ਏ.ਐਸ ਨਗਰ(ਮੋਹਾਲੀ)

ਫੋਨ ਨੰ :0172-5212307,2210019

E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
ਪੰਜਾਬ।

ਮੀਮੋ ਨੰ. ਪੀ.ਐਮ.ਪੋਸ਼ਣ/ਜੀ.ਐਮ/2026/ 56330
ਮਿਤੀ 27/02/26

ਵਿਸ਼ਾ: ਵਿਦਿਆਰਥੀਆਂ ਦੀ ਵਿਜਨ ਸਕਰੀਨਿੰਗ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ. 183978 ਮਿਤੀ 02.07.2025 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸਿਹਤ ਵਿਭਾਗ ਵੱਲੋਂ ਐਨ.ਪੀ.ਸੀ.ਬੀ ਪ੍ਰੋਗਰਾਮ ਅਧੀਨ ਵਿਜਨ ਸਕਰੀਨਿੰਗ ਲਈ Snellen Charts ਆਦਿ ਦੀ ਟੇਰਨਿੰਗ ਹਿੱਤ ਜੋ ਮਾਸਟਰ ਟਰੇਨਰਾਂ ਲਗਾਉਣ ਲਈ ਹਦਾਇਤ ਕੀਤੀ ਗਈ ਸੀ, ਪਰ ਉਚ-ਅਧਿਕਾਰੀਆਂ ਦਾ ਧਿਆਨ ਵਿੱਚ ਆਇਆ ਹੈ ਕਿ ਅਜੇ ਤੱਕ ਵੀ ਕਈ ਜਿਲ੍ਹਿਆਂ ਵੱਲੋਂ ਵਿਜਨ ਸਕਰੀਨਿੰਗ ਲਈ Snellen Charts ਨਹੀਂ ਲਗਾਏ ਗਏ, ਜਿਸ ਕਾਰਣ ਸਿਹਤ ਵਿਭਾਗ ਨਾਲ ਹੋਣ ਵਾਲੀ ਮੀਟਿੰਗ ਵਿੱਚ ਨਿਰਧਾਰਿਤ ਟੀਚਿਆਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ ਅਤੇ ਟੀਚਿਆਂ ਨੂੰ ਪੂਰਾ ਕਰਨ ਸਬੰਧੀ ਹੇਠ ਦਰਸਾਏ ਅਨੁਸਾਰ ਉਪਰਾਲੇ ਕੀਤੇ ਜਾਣ;

- ਜੇਕਰ ਕਿਸੇ ਮਾਸਟਰ ਟਰੇਨਰਜ (ਟੀਚਰਜ) ਨੂੰ ਕਿਸੇ ਕਿਸਮ ਦਾ ਕੋਈ ਦਿੱਕਤ ਪੇਸ਼ ਆ ਰਹੀ ਹੈ, ਤਾਂ ਉਹ ਇਸ ਸਬੰਧੀ ਨੇੜਲੇ ਐਸ.ਐਮ.ਓ ਨਾਲ ਰਾਬਤਾ ਕਾਇਮ ਕਰਕੇ ਟਰੇਂਨਡ OPHTHALMOLOGIST ਡਾਕਟਰ ਤੋਂ ਸਹਾਇਤਾ ਪ੍ਰਾਪਤ ਕਰ ਸਕਦਾ ਹੈ।
- ਵਿਦਿਆਰਥੀਆਂ ਦੀ ਵਿਜਨ ਸਕਰੀਨਿੰਗ ਲਈ ਸਮੇਂ ਸਮੇਂ ਸਿਰ Snellen Charts ਰਾਹੀਂ ਜਾਂਚ ਕੀਤੀ ਜਾਵੇ ਅਤੇ ਜੇਕਰ ਕਿਸੇ ਵਿਦਿਆਰਥੀਆਂ ਨੂੰ ਨਜ਼ਰ ਸਬੰਧੀ ਜਿਆਦਾ ਦਿੱਕਤ ਪੇਸ਼ ਆਉਂਦੀ ਹੈ, ਤਾਂ ਉਸ ਨੂੰ ਨੇੜਲੇ ਸਿਹਤ ਕੇਂਦਰ ਵਿੱਚ ਭੇਜਿਆ ਜਾਵੇ।

ਸੋ, ਉਕਤ ਸਬੰਧ ਆਪ ਨੂੰ ਫਿਰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਕੂਲਾਂ ਦਾ ਮਾਸਟਰ ਟਰੇਨਰਜ (ਟੀਚਰਜ) ਨੂੰ ਇਸ ਸਬੰਧੀ ਸਖਤ ਹਦਾਇਤ ਕੀਤੀ ਜਾਵੇ ਕਿ ਵਿਜਨ ਸਕਰੀਨਿੰਗ ਲਈ Snellen Charts ਤੁਰੰਤ ਲਗਾਏ ਜਾਣ, ਨਾ ਲਗਾਉਣ ਦੀ ਸੂਰਤ ਵਿੱਚ ਸਬੰਧਤ ਦੇ ਖਿਲਾਫ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਜਨਰਲ ਮੈਨੇਜਰ

Scanned with OKEN Scanner